| ਮਰੀਜ਼ ਦੀਆਂ ਹਿਦਾਇਤਾਂ |
|---|
| **ਬਲਗਮ – ਸਾਇਟੋਲੋਜੀ ਜਾਂਚ** |

ਤੁਹਾਡੇ ਸਿਹਤ ਦੇਖਭਾਲ ਪ੍ਰਦਾਤਾ ਨੇ ਇੱਕ ਬਲਗਮ ਦੇ ਨਮੂਨੇ ਦੀ ਬੇਨਤੀ ਕੀਤੀ ਹੈ।

ਬਲਗਮ ਇੱਕ ਡੂੰਘੀ ਖਾਂਸੀ ਤੋਂ ਬਾਅਦ ਫੇਫੜਿਆਂ ਤੋਂ ਲਿੱਤੀ ਜਾਣ ਵਾਲੀ ਸਮੱਗਰੀ ਹੈ। ਇਹ ਥੁੱਕ **ਨਹੀਂ** ਹੈ।

ਪ੍ਰਯੋਗਸ਼ਾਲਾ ਜਾਂਚ ਦਾ ਸਾਰਥਕ ਨਤੀਜਾ ਹਾਸਲ ਕਰਨ ਲਈ, ਇਨ੍ਹਾਂ ਹਿਦਾਇਤਾਂ ਦੀ ਪੂਰੀ ਤਰਾਂ ਪਾਲਣਾ ਕਰੋ।

ਇਕੱਤਰ ਕੀਤੇ ਜਾਣ ਵਾਲੇ ਬਲਗਮ ਦੇ ਨਮੂਨਿਆਂ ਦੀ ਸੰਖਿਆ:___________

## ਇਕੱਤਰਨ

1. ਹਰੇ ਰੋਜ਼ ਸਵੇਰ ਨੂੰ ਉੱਠਣ ਤੇ, ਪ੍ਰਦਾਨ ਕੀਤੇ "ਸਾਇਟੋਲੋਜੀ" ਕੰਟੇਨਰਾਂ ਵਿੱਚੋਂ ਕਿਸੇ ਇੱਕ ਵਿੱਚ **ਇੱਕ ਘੰਟੇ** ਲਈ ਆਉਣ ਵਾਲੀ ਸਾਰੀ ਬਲਗਮ ਨੂੰ ਤੁਰੰਤ ਇਕੱਤਰ ਕਰੋ।
2. ਹਰ ਵਾਰੀ ਜਮਾਂ ਕਰਨ ਤੋਂ ਬਾਅਦ, ਕੰਟੇਨਰ ਤੇ ਸੁਰੱਖਿਅਤ ਢੰਗ ਨਾਲ ਢੱਕਣ ਨੂੰ ਬੰਦ ਕਰੋ ਅਤੇ ਕੰਟੇਨਰ ਵਿੱਚ ਪ੍ਰਿਜ਼ਰਵੇਟਿਵ ਦੇ ਨਾਲ ਬਲਗਮ ਨੂੰ ਮਿਸ਼ਰਤ ਕਰਨ ਲਈ ਚੰਗੀ ਤਰ੍ਹਾਂ ਹਿਲਾਓ।

## ਲੇਬਲ ਲਗਾਉਣਾ

1. ਆਪਣੇ ਨਾਂ, ਜਨਮ ਮਿਤੀ, ਅਤੇ ਇਕੱਤਰ ਕਰਨ ਦੀ ਮਿਤੀ ਦੇ ਨਾਲ ਡੱਬੇ ਤੇ ਲੇਬਲ ਲਗਾਓ।

## ਪੈਕ ਕਰਨਾ

1. ਪ੍ਰਦਾਨ ਕੀਤੇ ਬੈਗਾਂ ਵਿੱਚੋਂ ਕਿਸੇ ਇੱਕ ਵਿੱਚ ਕੰਟੇਨਰ ਨੂੰ ਰੱਖੋ ਅਤੇ ਥੈਲੇ ਨੂੰ ਸੁਰੱਖਿਅਤ ਢੰਗ ਨਾਲ ਬੰਦ ਕਰੋ।
2. ਕਿਸੇ ਵੀ ਕਾਗਜਾਤ ਨੂੰ ਮੋੜੋ ਅਤੇ ਨਮੂਨੇ ਦੇ ਟ੍ਰਾਂਸਪੋਰਟ ਬੈਗ ਦੀ ਬਾਹਰੀ ਜੇਬ ਵਿੱਚ ਰੱਖੋ। ਇਹ ਯਕੀਨੀ ਬਣਾਉਂਦਾ ਹੈ ਕਿ ਕਾਗਜਾਤ ਤੇ ਨਮੂਨੇ ਦਾ ਰਿਸਾਵ ਨਾ ਹੋਵੇ। ਹਰੇਕ ਪਲਾਸਟਿਕ ਦੇ ਬੈਗ ਵਿੱਚ ਸਿਰਫ ਇੱਕ ਹੀ ਨਮੂਨਾ ਹੋਣਾ ਚਾਹੀਦਾ ਹੈ।

## ਭੰਡਾਰਨ ਅਤੇ ਪਰਿਵਹਣ

1. ਫਰਿੱਜ ਵਿੱਚ ਰੱਖੋ ਅਤੇ ਇਕੱਤਰਨ ਦੇ ਆਖਿਰੀ ਦਿਨ ਨੂੰ ਪ੍ਰਯੋਗਸ਼ਾਲਾ ਵਿੱਚ ਸਾਰੇ ਕੰਟੇਨਰ ਲੈ ਕੇ ਆਓ।